**ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ**
**ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥੋਰਿਟੀ, ਪੰਜਾਬ**
**ਐਸ.ਸੀ.ਓ. ਨੰ : 104-106, ਦੂਜੀ ਮੰਜ਼ਿਲ, ਸੈਕਟਰ-34 ਏ, ਚੰਡੀਗੜ੍ਹ**

| ਟੈਲੀਫੋਨ | ਫੈਕਸ | ਈ-ਮੇਲ |
|---|---|---|
| 2271683/ 2621106 | 2624687 | punjabtrainings2011@gmail.com |

**ਵੱਲ**

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ((ਵੈਬ ਸਾਇਟ ਰਾਹੀਂ)
ਪੰਜਾਬ

**ਮੀਮੋ ਨੰ:ਸਸਅ/ਟੀ.ਟੀ/2011-12/20529**
**ਮਿਤੀ,ਚੰਡੀਗੜ੍ਹ:06.04.2011**

**ਵਿਸ਼ਾ:- ਸਮੂਹ ਜਿਲ੍ਹਿਆ ਵਿੱਚ ਕੰਪਿਊਟਰ (ਆਈ.ਸੀ.ਟੀ.) ਲੈਬਸ ਦੀ ਕੰਪਿਊਟਰ ਫੈਕਲਟੀ ਨੂੰ IT ਐਕਡਮੀਜ਼, ਐਸ. ਏ.ਐਸ.ਨਗਰ ਵਿਖੇ ਇੱਕ ਰੋਜ਼ਾ ਰਿਫਰੈਸ਼ਿੰਗ ਟ੍ਰੇਨਿੰਗ ਕਰਵਾਉਣ ਅਤੇ ਜਿਲ੍ਹਿਆ ਵਿੱਚ ਸਮੂਹ ਵਿਸ਼ਿਆ ਦੇ ਅੱਪਰ ਪ੍ਰਾਇਮਰੀ ਅਧਿਆਪਕਾਂ ਨੂੰ ਪੰਜ ਰੋਜ਼ਾ ਕੰਪਿਊਟਰ ਟ੍ਰੇਨਿੰਗ (CAL) ਕਰਵਾਉਣ ਸਬੰਧੀ**

**1.0** ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਲਿਖਿਆ ਜਾਂਦਾ ਹੈ ਕਿ PAB ਵਿੱਚ ਸ਼ੈਸਨ 2011-12 ਵਿੱਚ ਮੁੱਖ ਦਫਤਰ ਵਲੋਂ ਸਮੂਹ ਜਿਲ੍ਹਿਆ ਵਿੱਚ ਸਮੂਹ ਵਿਸ਼ਿਆ ਦੇ ਅੱਪਰ ਪ੍ਰਾਇਮਰੀ ਅਧਿਆਪਕਾਂ ਨੂੰ ਕੁੱਲ 20 ਦਿਨਾਂ (10 ਦਿਨ ਬਲਾਕ ਲੈਵਲ ਅਤੇ 10 ਦਿਨ ਕਲਸਟਰ ਲੈਵਲ) ਦੀ ਟ੍ਰੇਨਿੰਗ ਮੰਜ਼ੂਰ ਹੋਈ ਹੈ।ਇਸ ਨੂੰ ਧਿਆਨ ਹਿੱਤ ਰੱਖਦੇ ਹੋਏ ਮੁੱਖ ਦਫ਼ਤਰ ਵਲੋਂ ਜਿਲ੍ਹਾ ਪੱਧਰ ਤੇ ਕੰਪਿਊਟਰ (ਆਈ.ਸੀ.ਟੀ.) ਲੈਬਸ DIET ਵਿੱਖੇ **ਸਥਿਤ** (**ਕੇਵਲ ਇੱਕ ਫੈਕਲਟੀ ਮੈਂਬਰ**) ਕੰਪਿਊਟਰ ਫੈਕਲਟੀ ਵਲੋਂ ਸਮੂਹ ਵਿਸ਼ਿਆਂ ਦੇ ਅੱਪਰ ਪ੍ਰਾਇਮਰੀ ਅਧਿਆਪਖਾਂ ਨੂੰ ਪੰਜ ਰੋਜ਼ਾ ਕੰਪਿਊਟਰ ਟ੍ਰੇਨਿੰਗ (CAL) ਕਰਵਾਈ ਜਾਣੀ ਹੈ,ਪਰੰਤੂ ਅਧਿਆਪਕਾਂ ਦੀ ਇਸ ਟ੍ਰੇਨਿੰਗ ਤੋਂ ਪਹਿਲਾ ਮੁੱਖ ਦਫ਼ਤਰ ਵਲੋਂ ਕੰਪਿਊਟਰ (ਆਈ.ਸੀ.ਟੀ.) ਲੈਬਸ ਦੀ ਕੰਪਿਊਟਰ ਫੈਕਲਟੀ ਨੂੰ ਇੱਕ ਰੋਜ਼ਾ ਰਿਫਰੈਸ਼ਿੰਗ ਟ੍ਰੇਨਿੰਗ ਕਰਵਾਈ ਜਾਣੀ ਹੈ।

**2.0** ਮੁੱਖ ਦਫ਼ਤਰ ਵਲੋਂ ਕੰਪਿਊਟਰ ਫੈਕਲਟੀ ਨੂੰ ਇਹ ਇੱਕ ਰੋਜ਼ਾ ਰਿਫਰੈਸ਼ਿੰਗ ਟ੍ਰੇਨਿੰਗ ਸ.ਸ.ਸ.ਸਕੂਲ ਫੇਜ਼-3 ਬੀ-1, ਐਸ.ਏ.ਐਸ.ਨਗਰ ਵਿਖੇ ਸਥਿਤ IT ਐਕਡਮੀ ਵਿੱਚ ਮਿਤੀ ਮਿਤੀ:8.04.2011 ਨੂੰ ਸਵੇਰੇ 9.00 ਵਜੇ ਤੋਂ ਸ਼ਾਮ 4.00 ਵਜੇ ਤੱਕ ਕਰਵਾਈ ਜਾਣੀ ਹੈ।

**3.0** ਜਿਲ੍ਹਿਆ ਵਿੱਚ ਕੰਪਿਊਟਰ ਟ੍ਰੇਨਿੰਗ ਲੈਣ ਵਾਲੇ ਸਮੂਹ ਵਿਸ਼ਿਆ ਦੇ ਅੱਪਰ ਪ੍ਰਾਇਮਰੀ ਅਧਿਆਪਕਾਂ ਦਾ ਮਾਇਕਰੋਪਲਾਨ (ਵਿਸ਼ਾਵਾਰ) ਆਪ ਜੀ ਵਲੋਂ ਤਿਆਰ ਕੀਤਾ ਜਾਣਾ ਹੈ।

**4.0** ਅਧਿਆਪਕਾਂ ਦੀ ਟ੍ਰੇਨਿੰਗ ਦਾ ਪਹਿਲਾ ਬੈਚ ਮਿਤੀ:**18.04.2011** ਤੋਂ (ਪੰਜ ਰੋਜ਼ਾ) ਸ਼ੁਰੂ ਕਰਵਾਇਆ ਜਾਣਾ ਹੈ।ਅਪ੍ਰੈਲ ਅਤੇ ਮਈ ਮਹੀਨੇ ਵਿੱਚ ਸਮੂਹ ਜਿਲ੍ਹਿਆ ਵਿੱਚ ਸ.ਸ ਵਿਸ਼ੇ ਦੇ ਅਧਿਆਪਕਾਂ ਨੂੰ ਟ੍ਰੇਨਿੰਗ ਕਰਵਾਈ ਜਾਣੀ ਹੈ ।ਸਮੇਂ-ਸਮੇਂ ਤੇ ਵੱਖ-ਵੱਖ ਵਿਸ਼ਿਆਂ ਦੇ ਅਧਿਆਪਕਾਂ ਦੀ ਟ੍ਰੇਨਿੰਗ ਸਬੰਧੀ ਆਪ ਨੂੰ ਮੁੱਖ ਦਫ਼ਤਰ ਵਲੋਂ ਸੂਚਿਤ ਕੀਤਾ ਜਾਵੇਗਾ।

**5.0** ਜਿਲ੍ਹਾ ਐਸ.ਏ.ਐਸ ਨਗਰ ਅਤੇ ਐਸ.ਬੀ.ਐਸ ਨਗਰ ਵਿੱਚ ਸਮੂਹ ਵਿਸ਼ਿਆਂ ਦੇ ਅਧਿਆਪਕਾਂ ਨੂੰ ਕੰਪਿਊਟਰ ਟ੍ਰੇਨਿੰਗ ਦੋਹਾਂ ਜਿਲ੍ਹਿਆ ਵਿੱਚ ਸਥਿਤ ਸਬੰਧਤ ਆਈ.ਟੀ.ਐਕਡਮੀਜ਼ ਵਿਖੇ ਆਈ.ਟੀ.ਐਕਡਮੀ ਦੀ ਫੈਕਲਟੀ ਵਲੋਂ ਹੀ ਕਰਵਾਈ ਜਾਣੀ ਹੈ।

**6.0** ਆਪ ਦੇ ਜਿਲ੍ਹੇ ਦੀ ਕੰਪਿਊਟਰ **(ਆਈ.ਸੀ.ਟੀ.)** ਲੈਬ ਫੈਕਲਟੀ ਨੂੰ ਅਤੇ ਅਧਿਆਪਕਾਂ ਨੂੰ ਉਪਰੋਕਤ ਟ੍ਰੇਨਿੰਗ ਸਬੰਧੀ ਸੂਚਿਤ ਕਰਨਾ ਆਪ ਦੀ ਨਿਜੀ ਜਿੰਮੇਵਾਰੀ ਹੋਵੇਗੀ।

**7.0** ਟ੍ਰੇਨਿੰਗ ਲੈਣ ਵਾਲੀ ਕੰਪਿਊਟਰ ਫੈਕਲਟੀ ਅਤੇ ਅਧਿਆਪਕਾਂ ਨੂੰ ਬਣਦਾ ਟੀ.ਏ (ਸਧਾਰਨ ਬੱਸ ਕਿਰਾਇਆ)/ ਡੀ.ਏ ਸਬੰਧਤ GISTC/DIET ਨਿਯਮਾ ਅਨੁਸਾਰ ਵਲੋਂ ਅਦਾ ਕੀਤਾ ਜਾਵੇਗਾ।

**8.0** ਟ੍ਰੇਨਿੰਗ ਦੇਣ ਵਾਲੇ ਰਿਸੋਰਸ ਪਰਸਨਜ਼ ਨੂੰ ਸਬੰਧਤ GISTC/DIET ਵਲੋਂ ਕੋਈ ਮਾਨ ਭੱਤਾ **ਨਹੀਂ** ਦਿੱਤਾ ਜਾਵੇਗਾ ਕਿਉਂ ਜੋ ਇਹ ਟ੍ਰੇਨਿੰਗ ਕੰਪਿਊਟਰ (ਆਈ.ਸੀ.ਟੀ) ਫੈਕਲਟੀ ਅਤੇ ਆਈ.ਟੀ.ਐਕਡਮੀਜ਼ ਦੀ ਫੈਕਲਟੀ ਵਲੋਂ ਹੀ ਕਰਵਾਈ ਜਾਣੀ ਹੈ।

**9.0** ਉਪਰੋਕਤ ਟ੍ਰੇਨਿੰਗ ਤੇ ਆਉਣ ਵਾਲਾ ਸਾਰਾ ਖਰਚਾ ਐਸ.ਐਸ.ਏ ਦੇ ਨਿਯਮਾ ਅਨੁਸਾਰ ਟੀਚਰ ਟ੍ਰੇਨਿੰਗ ਫੰਡ (ਸਾਲ 2011-12) ਵਿੱਚੋ ਕੀਤਾ ਜਾਵੇਗਾ।

**10.0** ਹੁਕਮਾਂ ਦੀ ਇੰਨ ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ।

**ਡਿਪਟੀ.ਸਟੇਟ ਪ੍ਰੋਜੈਕਟ ਡਾਇਰੈਕਟਰ**

**ਪਿਠ ਅੰਕਣ ਨੰ:ਏਐਸਪੀਡੀ/ਟੀ.ਟੀ/2010-11/ ਉਕਤ ਮਿਤੀ: 06.04.2011**

ਇਸ ਦਾ ਉਤਾਰਾ ਨੂੰ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਸਮੂਹ ਪ੍ਰਿੰਸੀਪਲ ਡਾਇਟ (ਵੈਬ ਸਾਇਟ ਰਾਹੀਂ)
2. ਸਮੂਹ ਪ੍ਰਿੰਸੀਪਲ GISTCs (ਵੈਬ ਸਾਇਟ ਰਾਹੀਂ)
3. ਜਿਲ੍ਹਾ ਆਈ.ਸੀ.ਟੀ. ਕੋਆਰਡੀਨੇਟਰ (ਵੈਬ ਸਾਇਟ ਰਾਹੀਂ)
4. ਡੀ.ਐਮ.(ਐਮ.ਆਈ ਐਸ) ਵੈਬ ਸਾਇਟ ਤੇ ਪਾਉਣ ਲਈ

**ਡਿਪਟੀ.ਸਟੇਟ ਪ੍ਰੋਜੈਕਟ ਡਾਇਰੈਕਟਰ**